ਹੱਕ ਸੱਚ ਦਾ ਪਹਿਰੇਦਾਰ

ਪੰਥ ਦੀ ਅਵਾਜ਼

RNI NO. CHAPUN/2015/62531

Hak Such Da Pehredar (A Leading Punjabi Daily Newspaper)

ਬਾਨੀ ਸੰਪਾਦਕ : ਸਵ. ਜਸਪਾਲ ਸਿੰਘ ਹੇਰਾਂ, ਵੀਰਵਾਰ 5 ਦਸੰਬਰ, (5 December) 2024 (ਮੂਲ ਨਾਨਕਸ਼ਾਹੀ ੨੨ ਮੱਘਰ- ਨਾਨਕਸ਼ਾਹੀ ੨੦ ਮੱਘਰ, ਸੰਮਤ 555) ਅੰਕ : 173, ਸਾਲ : 10, ਮੁੱਲ 5 ਰੁਪਏ, ਪੰਨੇ : 8

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫ਼ਤਹਿ॥ WhatsApp 96885-00050 rozanapehredar@gmail.com www.rozanapehredar.com

ਪਹਾੜੀ ਦੀ ਉਚਾਈ 'ਤੇ ਖੜ੍ਹਾ ਮਨੁੱਖ ਆਪਣਾ ਵੈਰੀ ਆਪ ਹੁੰਦਾ ਹੈ।

ਜਸਪਾਲ ਸਿੰਘ ਹੇਰਾਂ

Gagan Hayer
Make up & Nail Studio
● Nail Extension Course in Just Rs. 10,000/-
● Makeup, Skin & Hair Treatment Course in Just Rs. 20,000/-
Contact : 99154-53359, Address : Under Flyover, Opposite Basic School, Near Railway Crossing, Tehsil Road, Jagraon

ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਲੱਗੀ ਸੇਵਾ ਪੂਰੀ ਕਰ ਰਹੇ ਸੁਖਬੀਰ ਸਿੰਘ ਬਾਦਲ 'ਤੇ ਨਰੈਣ ਸਿੰਘ ਚੌੜਾ ਨੇ ਕੀਤਾ ਹਮਲਾ

ਅੰਮ੍ਰਿਤਸਰ 4 ਦਸੰਬਰ (ਚਰਨਜੀਤ ਸਿੰਘ) ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਲਗੀ ਸੇਵਾ ਪੂਰੀ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਕਦਾਵਰ ਆਗੂ ਸੁਖਬੀਰ ਸਿੰਘ ਬਾਦਲ ਤੇ ਅੱਜ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਕਾਤਲਾਨਾ ਹਮਲਾ ਹੋਇਆ।ਹਮਲੇ ਵਿਚ ਸੁਖਬੀਰ ਸਿੰਘ ਬਾਦਲ ਵਾਲ ਵਾਲ ਬਚ ਗਏ। ਸੁਖਬੀਰ ਸਿੰਘ ਬਾਦਲ ਤੇ ਹਮਲਾ ਕਰਨ ਵਾਲੇ ਨਰੈਣ ਸਿੰਘ ਚੌੜਾ ਨੂੰ ਮੌਕੇ ਤੇ ਹਾਜਰ ਲੋਕਾਂ, ਸ੍ਰੀ ਦਰਬਰ ਸਾਹਿਬ ਦੇ ਸੇਵਾਦਾਰਾਂ ਤੇ ਸੁਰਖਿਆ ਕਰਮਚਾਰੀਆਂ ਨੇ ਮੌਕੇ ਤੇ ਦਬੋਚ ਲਿਆ ਤੇ ਪੁਲੀਸ ਦੈ ਹਵਾਲੇ ਕੀਤਾ।ਅੱਜ ਸੁਖਬੀਰ ਸਿੰਘ ਬਾਦਲ ਤੇ ਸੁਖਦੇਵ ਸਿੰਘ ਢੀਡਸਾ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਲਗੀ ਸੇਵਾ ਨਿਭਾਉਣ ਲਈ ਸ੍ਰੀ ਦਰਬਾਰ ਸਾਹਿਬ ਘੰਟਾ ਘਰ ਬਾਹੀ ਤੇ ਸੇਵਾਦਾਰਾਂ ਵਾਲਾ ਚੌਲਾ ਪਾਈ ਹੱਥ ਵਿਚ ਬਰਛਾ ਲੈ ਕੇ ਵੀਲ ਚੇਅਰ ਤੇ ਬੈਠੇ ਸਨ। ਅਚਾਨਕ ਭੀੜ ਵਿਚੋਂ ਨਰੈਣ ਸਿੰਘ ਚੌੜਾ ਨਾਮਕ ਵਿਅਕਤੀ ਆਇਆ ਤੇ ਉਸ ਨੇ ਆਪਣੀ ਰਿਵਾਲਵਰ ਕੱਢ ਲਈ।ਸੁਖਬੀਰ ਸਿੰਘ ਬਾਦਲ ਦੀ ਸੁਰਖਿਆ ਵਿਚ ਤੈਨਾਤ ਏ ਐਸ ਆਈ ਜ਼ਸਬੀਰ ਸਿੰਘ ਦਾ ਧਿਆਨ ਨਰੈਣ ਸਿੰਘ ਚੌੜਾ ਦੀਆਂ ਮਸ਼ਕੂਕ ਹਰਕਤ ਵਲ ਪੈ ਗਿਆ। ਇਸ ਤੋਂ ਪਹਿਲਾਂ ਕਿ ਨਰੈਣ ਸਿੰਘ ਚੌੜਾ ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨਾ ਬਣਾ ਕੇ ਗੋਲੀ ਚਲਾਉਦਾ, ਜ਼ਸਬੀਰ ਸਿੰਘ ਨੇ ਦੌੜ ਕੇ ਉਸ ਦਾ ਹੱਥ ਉਤਾਹ ਅਕਾਸ਼ ਵਲ ਕਰ ਦਿੱਤਾ। ਗੋਲੀ ਘੰਟਾ ਘਰ ਬਾਹੀ ਤੇ ਲਗੇ ਬੁਖਾਰਚੇ ਤੇ ਜਾ ਲਗੀ। ਅਚਾਨਕ ਗੋਲੀ ਚਲਣ ਕਾਰਨ ਮਾਹੌਲ ਤਨਾਅ ਵਾਲਾ ਬਣ ਗਿਆ। ਮੌਕੇ ਤੇ ਹਾਜਰ ਸੰਗਤਾਂ, ਸੇਵਾਦਾਰਾਂ ਤੇ ਸੁਰਖਿਆ ਕਰਮਚਾਰੀਆਂ ਨੇ ਨਰੈਣ ਸਿੰਘ ਚੌੜਾ ਨੂੰ ਫੜ ਲਿਆ ਤੇ ਉਸ ਨੂੰ ਸਥਾਨਕ ਪੁਲੀਸ ਦੇ ਹਵਾਲੇ ਕਰ ਦਿੱਤਾ। ਗੋਲੀ ਚਲਣ ਦੇ ਬਾਵਜੂਦ ਸੁਖਬੀਰ ਸਿੰਘ ਬਾਦਲ ਤੇ ਸੁਖਦੇਵ ਸਿੰਘ ਢੀਡਸਾ ਆਪਣੀ ਜਗ੍ਹਾ ਤੇ ਬੈਠੇ ਰਹੇ। ਸੁਰਖਿਆ ਕਰਮਚਾਰੀਆਂ ਨੇ ਸੁਖਬੀਰ ਸਿੰਘ ਬਾਦਲ ਨੂੰ ਘੇਰੇ ਵਿਚ ਲੈ ਲਿਆ। ਇਹ ਘਟਨਾ ਲਗਭਗ ਸਾਢੇ ਨੌ ਵਜੇ ☛ ਬਾਕੀ ਸਫ਼ਾ 7 'ਤੇ

ਸੁਖਬੀਰ ਬਾਦਲ ਤੇ ਹਮਲਾ ਨਹੀਂ ਦਰਬਾਰ ਸਾਹਿਬ ਦੇ ਗੇਟ ਤੇ ਸੇਵਾ ਨਿਭਾਉਣ ਵਾਲੇ ਸੇਵਾਦਾਰ ਤੇ ਹੋਇਆ ਹਮਲਾ : ਗਿਆਨੀ ਰਘਬੀਰ ਸਿੰਘ

ਸ੍ਰੀ ਦਰਬਾਰ ਸਾਹਿਬ ਦੇ ਗੇਟ ਘੰਟਾ ਘਰ ਦੇ ਚੌਲਾ ਪਾ ਕੇ ਹੱਥ ਵਿੱਚ ਬਰਛਾ ਫੜ ਕੇ ਲੱਗੀ ਧਾਰਮਿਕ ਸਜ਼ਾ ਦੀ ਸੇਵਾ ਨਿਭਾਉਣ ਵਾਲੇ ਸੇਵਾਦਾਰ ਤੇ ਹਮਲਾ ਹੋਇਆ ਹੈ ਨਾ ਕਿ ਸੁਖਬੀਰ ਸਿੰਘ ਬਾਦਲ ਤੇ ਹਮਲਾ ਹੋਇਆ ਹੈ। ਇਸ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ ਇਹ ਬਿਆਨ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦਿੰਦੇ ਹੋਏ ਵਾਪਰੀ ਘਟਨਾ ਦੀ ਸਖਤ ☛ ਬਾਕੀ ਸਫ਼ਾ 7 'ਤੇ

ਅਕਾਲੀ ਦਲ ਨੇ ਹਮਲੇ ਦੀ ਕੀਤੀ ਜ਼ੋਰਦਾਰ ਨਿਖੇਧੀ

ਅੰਮ੍ਰਿਤਸਰ, 4 ਦਸੰਬਰ (ਚਰਨਜੀਤ ਸਿੰਘ): ਸ਼੍ਰੋਮਣੀ ਅਕਾਲੀ ਦਲ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ 'ਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਹੋਏ ਕਾਤਲਾਨਾ ਹਮਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਤੇ ਪਾਰਟੀ ਨੇ ਕਾਂਗਰਸ ਪਾਰਟੀ ਤੇ ਇਸਦੇ ਸੀਨੀਅਰ ਆਗੂ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ 'ਤੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਅਤਿਵਾਦੀ ਨਰਾਇਣ ਸਿੰਘ ਚੌੜਾ ਦੀ ਪੁਸ਼ਨ ਪਨਾਹੀ ਕਰਨ ਅਤੇ ਆਮ ਆਦਮੀ ਪਾਰਟੀ (ਆਪ) 'ਤੇ ਇਹ ਹਮਲਾ ਹੋਣ ਦੇਣ ਦੇ ਦੋਸ਼ ਲਗਾਏ। ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੀਨੀਅਰ ਅਕਾਲੀ ਆਗੂ ਸਰਦਾਰ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇਸ ਕਾਤਲਾਨਾ ਹਮਲੇ ਦਾ ਮਕਸਦ ਪੰਜਾਬ ਵਿਚ ਆਧੁਨਿਕ ਅਕਾਲੀ ਲੀਡਰਸ਼ਿਪ ☛ ਬਾਕੀ ਸਫ਼ਾ 7 'ਤੇ

ਸੁਖਬੀਰ ਬਾਦਲ 'ਤੇ ਹੋਏ ਹਮਲੇ ਤੇ ਬੋਲੇ ਗਿਆਨੀ ਹਰਪ੍ਰੀਤ ਸਿੰਘ..!

ਬਠਿੰਡਾ 4 ਦਸੰਬਰ (ਅਨਿਲ ਵਰਮਾ): ਸ਼੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ 2 ਦਸੰਬਰ ਨੂੰ ਉਹ ਫੈਸਲੇ ਹੋਏ ਜੋ ਸ਼੍ਰੀ ਹਰਗੋਬਿੰਦ ਸਿੰਘ ਜੀ ਦੇ ਅਸ਼ੀਰਵਾਦ ਨਾਲ ਬਿਨਾਂ ਕਿਸੇ ਦਬਾਅ ਤੋਂ ਕੀਤੇ ਗਏ ਪ੍ਰੰਤੂ ਪੰਜਾਬ ਅਤੇ ਪੰਥ ਵਿਰੋਧੀ ਸੋਚ ਵਾਲੀਆਂ ਏਜੰਸੀਆਂ ਨੂੰ ਇਸ ਤਰ੍ਹਾਂ ਦੇ ਫੈਸਲੇ ਮਨਜ਼ੂਰ ਨਹੀਂ ਹੋ ਰਹੇ ਜਿਸ ਕਰਕੇ ਉਹ ਪੰਜਾਬ ਅਤੇ ਪੰਥ ਤੇ ਹਮਲੇ ਕਰਕੇ ਅਮਨ ਸ਼ਾਂਤੀ ,ਭਾਈਚਾਰਕ ☛ ਬਾਕੀ ਸਫ਼ਾ 7 'ਤੇ

ਉਚ ਅਧਿਕਾਰੀਆਂ ਨੇ ਸਾਨੂੰ ਪਹਿਲਾਂ ਤੋ ਹੀ ਸੁਚੇਤ ਕੀਤਾ ਹੋਇਆ ਸੀ - ਏ ਐਸ ਆਈ ਜਸਬੀਰ ਸਿੰਘ

ਅੰਮ੍ਰਿਤਸਰ 4 ਦਸੰਬਰ ਚਰਨਜੀਤ ਸਿੰਘ ਅਕਾਲੀ ਦਲ ਦੇ ਕਦਾਵਰ ਆਗੂ ਸੁਖਬੀਰ ਸਿੰਘ ਬਾਦਲ ਤੇ ਅੱਜ ਹੋਏ ਹਮਲੇ ਦੌਰਾਨ ਹਮਲਾਵਰ ਨਰੈਣ ਸਿੰਘ ਚੌੜਾ ਨੂੰ ਸਭ ਤੋਂ ਪਹਿਲਾਂ ਦਬੋਚਨ ਵਾਲੇ ਅੰਮ੍ਰਿਤਸਰ ਪੁਲੀਸ ਦੇ ਏ ਐਸ ਆਈ ਜ਼ਸਬੀਰ ਸਿੰਘ ਨੇ ਇਕ ਵੀਡੀਓ ਜਾਰੀ ਕਰਕੇ ਸਾਰੇ ਘਟਨਾਕ੍ਰਮ ਬਾਰੇ ਦਸਿਆ। ਉਸ ਨੇ ਦਸਿਆ ਕਿ ਉਚ ਅਧਿਕਾਰੀਆਂ ਨੇ ਸਾਨੂੰ ਪਹਿਲਾਂ ਤੋ ਹੀ ਸੁਚੇਤ ਕੀਤਾ ਹੋਇਆ ਸੀ। ਜਾਰੀ ਵੀਡੀਓ ਵਿਚ ਜ਼ਸਬੀਰ ਸਿੰਘ ਨੇ ਦਸਿਆ ਕਿ ਉਚ ਅਧਿਕਾਰੀਆਂ ਨੇ ਸਾਨੂੰ ਪਹਿਲਾਂ ਹੀ ਸੁਚੇਤ ਕਰਕੇ ਦਸਿਆ ਸੀ ਕਿ ਕਿਸੇ ਤਰਾਂ ਦੀ ਮੰਦਭਾਗੀ ਘਟਨਾ ਨਾ ਵਾਪਰੇ ਇਸ ਲਈ ਪੂਰਾ ਧਿਆਨ ਡਿਊਟੀ ਤੇ ਰਖਣਾ ☛ ਬਾਕੀ ਸਫ਼ਾ 7 'ਤੇ

ਸੁਖਬੀਰ ਬਾਦਲ ਤੇ ਹੋਏ ਹਮਲੇ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ "ਟਵੀਟ"...!

ਬਠਿੰਡਾ 4 ਦਸੰਬਰ (ਅਨਿਲ ਵਰਮਾ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਰਾਹੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਅੱਜ ਦਰਬਾਰ ਸਾਹਿਬ ਵਿਖੇ ਲੱਗੀ ਧਾਰਮਿਕ ਸਜ਼ਾ ਤਹਿਤ ਘੰਟਾ ਘਰ ਗੇਟ ਤੇ ਚੌਲਾ ਪਾ ਕੇ ਬਰਛਾ ਫੜ ਕੇ ਨਿਭਾਈ ਜਾ ਰਹੀ ਸੇਵਾ ਦੌਰਾਨ ਹੋਏ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਕਿਹਾ ਕਿ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਦੀ ਮੁਸਤੈਦੀ ਕਰਕੇ ਵੱਡਾ ਜਾਨੀ ਨੁਕਸਾਨ ਹੋਣ ਤੋਂ ਬਚਾ ਰਿਹਾ ਹੈ ਅਤੇ ਪੰਜਾਬ ਪੁਲਿਸ ਦੀ ਮੁਸਤੈਦੀ ਨਾਲ ਪੰਜਾਬ ਅਤੇ ਪੰਜਾਬੀਆਂ ਨੂੰ ਬਦਨਾਮ ਕਰਨ ਦੀ ਵੱਡੀ ਸਾਜਿਸ਼ ਵੀ ਨਾਕਾਮ ਹੋਈ ਹੈ। ਜਿਸ ਲਈ ਉਹ ਪੰਜਾਬ ਪੁਲਿਸ ਦੇ ਉਨਾਂ ☛ ਬਾਕੀ ਸਫ਼ਾ 7 'ਤੇ

ਹਮਲਾ ਸਿੰਘ ਸਾਹਿਬਾਨਾਂ ਵੱਲੋਂ ਸਹੀ ਸਜ਼ਾ ਨਾ ਸੁਣਾਉਣ ਦਾ ਗੁੱਸਾ : ਭਾਈ ਸਰਬਜੀਤ ਸਿੰਘ ਖਾਲਸਾ

ਬਠਿੰਡਾ 4 ਦਸੰਬਰ (ਅਨਿਲ ਵਰਮਾ): ਲੋਕ ਸਭਾ ਹਲਕਾ ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖਾਲਸਾ ਨੇ ਅੱਜ ਦਰਬਾਰ ਸਾਹਿਬ ਵਿਖੇ ਘੰਟਾ ਘਰ ਤੇ ਚੌਲਾ ਪਾ ਕੇ ਬਰਛਾ ਹੱਥ 'ਚ ਫੜ ਕੇ ਲੱਗੀ ਧਾਰਮਿਕ ਸਜ਼ਾ ਦੀ ਸੇਵਾ ਨਿਭਾ ਰਹੇ ਸੁਖਬੀਰ ਸਿੰਘ ਬਾਦਲ ਤੇ ਹੋਏ ਹਮਲੇ ਦੀ ਨਿੰਦਾ ਕਰਦੇ ਹੋਏ (ਹੈਰਾਨੀਜਨਕ) ਵੱਡਾ ਬਿਆਨ ਦਿੱਤਾ ਹੈ ਉਹਨਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਸ਼੍ਰੀ ਅਕਾਲ ਤਖਤ ਸਾਹਿਬ ਤੇ ਸਿੰਘ ਸਾਹਿਬਾਨਾਂ ਅੱਗੇ ਪੇਸ਼ ਹੋ ਕੇ ਪੰਥਕ ਮਸਲਿਆਂ ਤੇ ਸਹੀ ਜਿੰਮੇਵਾਰੀ ਨਾ ਨਿਭਾਉਣ, ਸੌਦਾ ਸਾਧ ਨੂੰ ਮਾਫੀ ਦੇਣ, ਸੌਦਾ ਸਾਧ ਵੱਲੋਂ ਰਚਾਏ ਸਵਾਂਗ ਦੇ ਦਰਜ ਮਾਮਲੇ ਨੂੰ ਦਬਾ ਹੇਠ ਰੱਦ ਕਰਵਾਉਣ ☛ ਬਾਕੀ ਸਫ਼ਾ 7 'ਤੇ

ਸੁਖਬੀਰ ਸਿੰਘ ਬਾਦਲ ਤੇ ਹਮਲਾ ਨਿੰਦਨਯੋਗ : ਜਾਖੜ/ਜੈਵੀਰ ਸਿੰਘ

ਬਠਿੰਡਾ 4 ਦਸੰਬਰ (ਅਨਿਲ ਵਰਮਾ): ਦਰਬਾਰ ਸਾਹਿਬ ਦੇ ਮੁੱਖ ਗੇਟ ਤੇ ਚੌਲਾ ਪਾ ਕੇ ਹੱਥ ਵਿੱਚ ਬਰਛਾ ਫੜ ਕੇ ਲੱਗੀ ਧਾਰਮਿਕ ਸਜ਼ਾ ਦੀ ਸੇਵਾ ਨਿਭਾ ਰਹੇ ਸੁਖਬੀਰ ਸਿੰਘ ਬਾਦਲ ਤੇ ਅੱਜ ਹੋਏ ਹਮਲੇ ਦੀ ਚੁਫੇਰਿਓ ਨਿੰਦਾ ਹੋ ਰਹੀ ਹੈ। ਜਿੱਥੇ ਰਾਜਨੀਤਿਕ ਆਗੂਆਂ ਵੱਲੋਂ ਇਸ ਘਟਨਾ ਦੀ ਨਿੰਦਾ ਕਰਦੇ ਹੋਏ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਤੇ ਸਵਾਲ ਖੜੇ ਕੀਤੇ ਜਾ ਰਹੇ ਹਨ ਉੱਥੇ ਹੀ ਭਾਜਪਾ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਅਤੇ ਜੈਵੀਰ ਸਿੰਘ ਵੱਲੋਂ ਮੁੱਖ ਮੰਤਰੀ ਦਾ ਅਸਤੀਫਾ ਵੀ ਮੰਗ ਲਿਆ ਹੈ। ਜਾਖੜ ਨੇ ਕਿਹਾ ਕਿ ਪੰਜਾਬ ਵਿਰੋਧੀ ਤਾਕਤਾਂ ਨੂੰ ਅਮਨ ਕਾਨੂੰਨ ☛ ਬਾਕੀ ਸਫ਼ਾ 7 'ਤੇ

ਐਡਵੋਕੇਟ ਧਾਮੀ ਨੇ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਕੀਤੀ ਨਿੰਦਾ

ਅੰਮ੍ਰਿਤਸਰ, 4 ਦਸੰਬਰ (ਚਰਨਜੀਤ ਸਿੰਘ) – ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਸ. ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਧਾਰਮਿਕ ਸੇਵਾ ਨਿਭਾਉਂਦਿਆਂ ਸ. ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨੇ 'ਤੇ ਲੈਣਾ ਬੇਹੱਦ ਦੁਖਦਾਈ ਅਤੇ ਗ਼ੈਰ-ਇਖਲਾਕੀ ਕਰਵਾਈ ਹੈ। ਹਿੰਸਕ ਪ੍ਰਵਿਰਤੀ ਨਾਲ ਕੀਤਾ ਗਿਆ ਹਮਲਾ ਸ੍ਰੀ ਦਰਬਾਰ ਸਾਹਿਬ ਦੀ ਧਾਰਮਿਕ ਆਭਾ 'ਤੇ ਵੀ ਹਮਲਾ ਕਿਹਾ ਜਾ ਸਕਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ☛ ਬਾਕੀ ਸਫ਼ਾ 7 'ਤੇ

ਰਾਜਾ ਵੜਿੰਗ ਅਤੇ ਰੰਧਾਵਾ ਨੇ ਹਮਲੇ ਦੀ ਮੰਗੀ ਜੁਡੀਸ਼ੀਅਲ ਜਾਂਚ

ਬਠਿੰਡਾ 4 ਦਸੰਬਰ (ਅਨਿਲ ਵਰਮਾ): ਸੁਖਬੀਰ ਸਿੰਘ ਬਾਦਲ ਤੇ ਦਰਬਾਰ ਸਾਹਿਬ ਦੇ ਗੇਟ ਤੇ ਲੱਗੀ ਧਾਰਮਿਕ ਸਜ਼ਾ ਦੀ ਸੇਵਾ ਨਿਭਾਉਣ ਮੌਕੇ ਹੋਏ ਹਮਲੇ ਦੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਇਸ ਘਟਨਾ ਦੀ ਜੁਡੀਸ਼ੀਅਲ ਜਾਂਚ ਦੀ ਮੰਗ ਕੀਤੀ ਹੈ। ਉਹਨਾਂ ਕਿਹਾ ਕਿ ਦਰਬਾਰ ਸਾਹਿਬ ਵਿਖੇ ਇਸ ਤਰ੍ਹਾਂ ਦੀ ਘਟਨਾ ਨੂੰ ਅੰਜਾਮ ਦੇਣ ਵਾਲਾ ਵਿਅਕਤੀ ਸਿੱਖ ਨਹੀਂ ਹੋ ਸਕਦਾ ਜਿਸ ਕਰਕੇ ਇਹ ਘਟਨਾ ਇੱਕ ਵੱਡੀ ਸੋਚੀ ਸਮਝੀ ਸਾਜਿਸ਼ ☛ ਬਾਕੀ ਸਫ਼ਾ 7 'ਤੇ

ਮੱਸਾ ਰੰਘੜ ਵੀ ਤਾਂ ਦਰਬਾਰ ਸਾਹਿਬ ਹੀ ਸੋਧਿਆ ਗਿਆ ਸੀ - ਭਾਈ ਭੁਪਿੰਦਰ ਸਿੰਘ ਛੇ ਜੂਨ

ਅੰਮ੍ਰਿਤਸਰ, 4 ਦਸੰਬਰ (ਚਰਨਜੀਤ ਸਿੰਘ): ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦਾ ਪੁਤਲਾ ਫੂਕ ਰਹੇ ਸੌਂਕੜੇ ਸ਼ਿਵ ਸੈਨਿਕਾਂ ਨੂੰ ਇਕੱਲਿਆਂ ਹੀ ਦੁੜਾਉਣ ਵਾਲੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਸੁਖਬੀਰ ਸਿੰਘ ਬਾਦਲ ਉੱਤੇ ਭਾਈ ਨਰਾਇਣ ਸਿੰਘ ਚੌੜਾ ਵੱਲੋਂ ਗੋਲੀ ਚਲਾ ਕੇ ਕੀਤੇ ਹਮਲੇ ਬਾਰੇ ਬੋਲਦਿਆਂ ਕਿਹਾ ਕਿ ਸਿੱਖਾਂ ਨੂੰ ਭੁੱਲਣਾ ਨਹੀਂ ਚਾਹੀਦਾ ਕਿ ਮੱਸਾ ਰੰਘੜ ਵੀ ਤਾਂ ਜੁਝਾਰੂ ਸਿੰਘਾਂ ਨੇ ਸ੍ਰੀ ਦਰਬਾਰ ਸਾਹਿਬ 'ਚ ਸੋਧਿਆ ਸੀ। ਉਹਨਾਂ ਕਿਹਾ ਕਿ ਜੇਕਰ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ ☛ ਬਾਕੀ ਸਫ਼ਾ 7 'ਤੇ

ਕੈਨੇਡਾ 'ਚ 7 ਲੱਖ ਵਰਕ ਪਰਮਿਟ ਹੋ ਰਹੇ ਖਤਮ; ਸਰਕਾਰ ਨਹੀਂ ਵਧਾ ਰਹੀ ਮਿਆਦ

ਲੱਖਾਂ ਲੋਕਾਂ ਦੇ ਸਿਰ 'ਤੇ ਮੰਡਰਾ ਰਿਹਾ ਡਿਪੋਰਟ ਦਾ ਖਤਰਾ

ਟਰੰਟੋ, 4 ਦਸਬੰਰ (ਕੁਲਵਿੰਦਰ ਸਿੰਘ ਚੰਦੀ) : ਕੈਨੇਡਾ ਸਰਕਾਰ ਬੈਕ-ਟੂ-ਬੈਕ ਆਪਣੀ ਨੀਤੀਆਂ ਦੇ ਵਿੱਚ ਬਦਲਾਅ ਕਰ ਰਹੀ ਹੈ। ਜਿਸ ਕਰਕੇ ਇੰਟਰਨੈਸ਼ਨਲ ਵਿਦਿਆਰਥੀਆਂ ਦਾ ਉੱਥੇ ਰਹਿ ਕੇ ਕੰਮ ਕਰਨ ਦੇ ਵਿੱਚ ਮੁਸ਼ਕਿਲਾਂ ਲਗਾਤਾਰ ਵੱਧ ਰਹੀਆਂ ਹਨ। ਭਾਰਤੀ ਵਿਦਿਆਰਥੀਆਂ ਸਮੇਤ ਸੱਤ ਲੱਖ ਵਿਦੇਸ਼ੀ ਵਿਦਿਆਰਥੀਆਂ ਦਾ ਭਵਿੱਖ ਖ਼ਤਰੇ ਵਿੱਚ ਹੈ ਜੋ ਕੈਨੇਡਾ ਵਿੱਚ ਲੱਖਾਂ ਰੁਪਏ ਖਰਚ ਕੇ ਪੀਆਰ ਅਤੇ ਨਾਗਰਿਕ ਬਣਨ ਦੇ ਆਪਣੇ ਸੁਫ਼ਨੇ ਨੂੰ ਸਾਕਾਰ ਕਰ ਰਹੇ ਹਨ। ਕੈਨੇਡਾ ਵਿੱਚ 2025 ਦੇ ਅੰਤ ਤੱਕ ਤਕਰੀਬਨ 50 ਲੱਖ ਅਸਥਾਈ ਪਰਮਿਟਾਂ ਦੀ ਮਿਆਦ ਪੁੱਗਣ ਵਾਲੀ ਹੈ, ਜਿਨ੍ਹਾਂ ਵਿੱਚੋਂ ਸੱਤ ਲੱਖ ਭਾਰਤੀ ਅਤੇ